بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 03.01.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਵਕਫ਼ੇ ਜਦੀਦ ਦੇ 62 ਵੇਂ ਸਾਲ ਦਾ ਬਰਕਤਾਂ ਭਰਪੂਰ ਅਰੰਭ
## ਵਕਫ਼ੇ ਜਦੀਦ ਦੀ ਤਹਿਰੀਕ ਵਿੱਚ ਸੰਸਾਰ ਭਰ ਵਿੱਚ ਆਰਥਕ ਕੁਰਬਾਨੀ ਕਰਨ ਵਾਲੇ ਜਮਾਤ ਦੇ ਲੋਕਾਂ ਦੀਆਂ ਇਮਾਨ ਵਿੱਚ ਵਾਧਾਂ ਕਰਨ ਵਾਲੀਆਂ ਗਲੱਾਂ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 03 ਜਨਵਰੀ 2020 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀ ਉੱਚ ਕੋਟਿ ਦੀ ਕਿਤਾਬ ''ਇਸਲਾਮੀ ਉਸੂਲ ਦੀ ਫ਼ਿਲਾਸਫ਼ੀ'' ਵਿੱਚ ਰੱਬ ਨੂੰ ਪਾਉਣ, ਉਸਨੂ ਪਛਾਨਣ ਅਤੇ ਉਸ'ਤੇ ਇਮਾਨ ਪਕੱਾ ਕਰਨ ਲਈ ਅੱਠ ਸਾਧਨ ਦੱਸੇ ਹਨ ਜੋ ਮਨੁੱਖ ਨੂੰ ਪੈਦਾ ਕਰਨ ਦੇ ਉਦੇਸ਼ ਨੂੰ ਵੀ ਪੂਰਾ ਕਰਨ ਵਾਲੇ ਹਨ । ਇਸ ਸਮੇਂ ਮੈਂ ਆਪਣੇ ਇਸ ਵਿਸ਼ੇ ਨਾਲ ਸੰਬੰਧਤ ਇਕ ਸਾਧਨ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕਥਨ ਪੇਸ਼ ਕਰਾਂਗਾ। ਆਪ ਫ਼ਰਮਾਉਦੇ ਹਨ ਕਿ :

ਪੰਜਵਾ ਸਾਧਨ ਅਸਲ ਉਦੇਸ਼ ਨੂੰ ਪਾਉਣ ਲਈ ਰੱਬ ਨੇ ਸੰਘਰਸ਼ ਠਹਿਰਾਇਆ ਹੈ । ਜਿਵੇਂ ਕਿ ਫ਼ਰਮਾਉਂਦਾ ਹੈ :

وَّجَاهِدُوۡا بِاَمۡوَالِكُمۡ وَاَنۡفُسِكُمۡ فِىۡ سَبِيۡلِ اللّٰهِ(التوبہ:41)وَمِمَّا رَزَقۡنٰهُمۡ يُنۡفِقُوۡنَ(الانفال:4)وَالَّذِيۡنَ جَاهَدُوۡا فِيۡنَا لَنَهۡدِيَنَّهُمۡ سُبُلَنَا (العنکبوت:70)

ਅਰਥਾਤ ਆਪਣੇ ਧੰਨ ਮਾਲ ਨੂੰ, ਆਪਣੀਆਂ ਜਾਨਾ ਨੂੰ ਅਤੇ ਆਪਣੇ ਆਪੇ ਨੂੰ ਉਹਨਾਂ ਸਾਰੀਆਂ ਸ਼ਕਤੀਆਂ ਨਾਲ ਰੱਬ ਦੇ ਮਾਰਗ ਵਿੱਚ ਖ਼ਰਚ ਕਰੋ ਅਤੇ ਜੋ ਕੁਝ ਅਸੀਂ ਅਕਲ, ਸੂਜ ਬੂਝ, ਗਿਆਨ ਅਤੇ ਬੋਧ ਤੁਹਾਨੂੰ ਪ੍ਰਦਾਨ ਕੀਤਾ ਹੈ ਉਹ ਸਾਰਾ ਕੁਝ ਰੱਬ ਦੇ ਮਾਰਗ ਵਿੱਚ ਲਾਓ । ਜੋ ਲੋਕ ਸਾਡੇ ਮਾਰਗ ਵਿੱਚ ਹਰ ਪ੍ਰਕਾਰ ਦਾ ਜਤਨ ਕਰਦੇ ਹਨ ਅਸੀਂ ਉਹਨਾ ਨੂੰ ਆਪਣਾ ਮਾਰਗ ਦਿਖਾਇਆ ਕਰਦੇ ਹਾਂ ।

ਫਿਰ ਰੱਬ ਦੇ ਪ੍ਰੇਮ ਨੂੰ ਪ੍ਰਾਪਤ ਕਰਨ ਦਾ ਤਰੀਕਾ ਦਸੱਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਹੋਰ ਥਾਂ ਫ਼ਰਮਾਇਆ ਕਿ ਤੁਹਾਡੇ ਲਈ ਸੰਭਵ ਨਹੀਂ ਕਿ ਤੁਸੀਂ ਮਾਲ ਨਾਲ ਵੀ ਪ੍ਰੇਮ ਕਰੋ ਅਤੇ ਰੱਬ ਨਾਲ ਵੀ । ਸੋ ਖ਼ੁਸ਼ਕਿਸਮਤ ਹੈ ਉਹ ਵਿਅਕਤੀ ਜੋ ਰੱਬ ਨਾਲ ਪ੍ਰੇਮ ਕਰੇ ਅਤੇ ਜੇਕਰ ਤੁਹਾਡੇ ਵਿੱਚੋਂ ਕੋਈ ਰੱਬ ਨਾਲ ਪ੍ਰੇਮ ਕਰਕੇ ਉਸਦੇ ਮਾਰਗ ਵਿੱਚ ਖਰਚ ਕਰੇਗਾ ਤਾਂ ਮੈਂ ਵਿਸ਼ਵਾਸ਼ ਰਖੱਦਾ ਹਾਂ ਕਿ ਉਸ ਦੇ ਮਾਲ ਵਿੱਚ ਵੀ ਹੋਰਨਾ ਦੀ ਤੁਲਨਾ ਵਿੱਚ ਬਹੁਤੀ ਬਰਕਤ ਦਿੱਤੀ ਜਾਏਗੀ ਕਿਉਂਕਿ ਮਾਲ ਆਪ ਨਹੀਂ ਆਉਂਦਾ । ਸੋ, ਜੋ ਵਿਅਕਤੀ ਰੱਬ ਲਈ ਕੁਝ ਭਾਗ ਛਡੱਦਾ ਹੈ ਉਹ ਉਸਨੂੰ ਅਵਸ਼ ਪਾ ਲਏਗਾ ਅਤੇ ਜੋ ਵਿਅਕਤੀ ਮਾਲ ਨਾਲ ਪ੍ਰੇਮ ਕਰਕੇ ਰੱਬ ਦੇ ਮਾਰਗ ਵਿੱਚ ਉਹ ਸੇਵਾ ਬਜਾ ਨਹੀਂ ਲਿਆਉਂਦਾ ਜੋ ਬਜਾ ਲਿਆਉਂਣੀ ਚਾਹੀਦੀ ਹੈ, ਤਾਂ ਉਹ ਅਵਸ਼ ਉਸ ਮਾਲ ਨੂੰ ਗੁਆ ਲਏਗਾ । ਫਿਰ ਆਪ ਨੇ ਫ਼ਰਮਾਇਆ ਕਿ ਚਾਹੀਦਾ ਹੈ ਕਿ ਸਾਡੀ ਜਮਾਤ ਦਾ ਹਰ ਇਕ ਵਿਅਕਤੀ ਇਹ ਅਹਿਦ ਕਰੇ ਕਿ ਮੈਂ ਐਨ੍ਹਾ ਚੰਦਾ ਦਿਆਂ ਕਰਾਂਗਾ । ਜੋ ਵਿਅਕਤੀ ਰੱਬ ਲਈ ਪ੍ਰਣ ਕਰਦਾ ਹੈ, ਫਿਰ ਰੱਬ ਉਸ ਦੇ ਰਿਜ਼ਕ ਵਿੱਚ ਬਰਕਤ ਪਾ ਦਿੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਦੀ ਮਿਹਰ ਨਾਲ ਲਖੱਾਂ ਸੁਹਿਰਦ ਹਨ ਜਿੰਨ੍ਹਾ ਨੂੰ ਜੱਦ ਚੰਦੇ ਦੀ ਮਹਤੱਾ ਵੱਲ ਧਿਆਨ ਦੁਆਇਆ ਜਾਏ ਤਾਂ ਰੱਬ ਦੇ ਪ੍ਰੇਮ ਨੂੰ ਹਾਸਲ ਕਰਨ ਲਈ ਮਾਲੀ ਕੁਰਬਾਨੀ ਵਿੱਚ ਵਧਣ ਦਾ ਜਤਨ ਕਰਦੇ ਹਨ ਅਤੇ ਇਹੋ ਸਬਬ ਹੈ ਕਿ ਮੈਂ ਬੀਤੇ ਕਈ ਵਰ੍ਹਿਆਂ ਤੋਂ ਜਮਾਤ ਦੀ ਵਿਵਸਥਾ ਨੂੰ ਇਸ ਵੱਲ ਧਿਆਨ ਦੁਆ ਰਿਹਾ ਹਾਂ ਕਿ ਨਵੇਂ ਆਉਣ ਵਾਲਿਆਂ ਨੂੰ ਮਾਲੀ ਕੁਰਬਾਨੀ ਦੇ ਨਿਜ਼ਾਮ ਵਿੱਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ । ਕੋਈ ਭਾਵੇਂ ਇਕ ਪੈਸਾ ਹੀ ਆਪਣੀ ਸਮਰਥਾ ਅਨੁਸਾਰ ਰਖੱਦਾ ਹੋਵੇ ਉਹ ਆਪਣੀ ਸਮਰਥਾ ਅਨੁਸਾਰ ਦੇਵੇ । ਕਈ ਥਾਂ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਕਈ ਵਾਰ ਧੰਨ ਦੀ ਸਮਰਥਾ ਰਖੱਣ ਵਾਲੇ ਲੋਕ ਆਪਣੇ ਗ਼ਰੀਬ ਰਿਸ਼ਤੇਦਾਰਾਂ ਵੱਲੋਂ ਚੰਦੇ ਦੀ ਅਦਾਇਗੀ ਕਰ ਦਿੰਦੇ ਹਨ । ਠੀਕ ਹੈ ਇਹ ਇਕ ਨੇਕੀ ਹੈ ਪਰ ਉਹਨਾ ਗ਼ਰੀਬ ਲੋਕਾਂ ਨੂੰ ਚਾਹੀਦਾ ਹੈ ਕਿ ਆਪ ਵੀ ਅਪਣੀ ਸਮਰਥਾ ਅਨੁਸਾਰ ਭਾਗ ਲੈਂਣ । ਕੇਵਲ ਧੰਨ ਇਕਤੱਰ ਕਰਨਾ ਉਦੇਸ਼ ਨਹੀਂ ਹੈ । ਸਗੋਂ ਰੱਬ ਦੇ ਪ੍ਰੇਮ ਖ਼ਾਤਰ ਉਸਦੇ ਧਰਮ ਲਈ ਕੁਰਬਾਨੀ ਕਰਨਾ ਉਦੇਸ਼ ਹੈ । ਸੋ, ਜਿੱਥੇ ਜਮਾਤ ਦੀ ਵਿਵਸਥਾ ਇਸ ਪ੍ਰਕਾਰ ਚੰਦਾ ਵੁਸੂਲ ਕਰਦੀ ਹੈ ਕਿ ਲੋਕਾਂ ਨੂੰ ਕਹਿ ਦਿਤੱਾ ਅਤੇ ਕਿਸੇ ਦੇ ਨਾਂ'ਤੇ ਪਾ ਦਿਤੱਾ ਉਹ ਗ਼ਲਤ ਕਰਦੀ ਹੈ । ਕਈ ਵਾਰ ਅਜਿਹੀਆਂ ਗਲੱਾਂ ਮੇਰੀ ਜਾਣਕਾਰੀ ਵਿੱਚ ਵੀ ਜਾਂਦੀਆਂ ਹਨ । ਸਾਧਾਰਣ ਤੌਰ'ਤੇ ਮੈਂ ਦੇਖਿਆ ਹੈ, ਸਗੋਂ ਮਾਲੀ ਕੁਬਾਨੀ ਦੀਆਂ ਜੋ ਰਿਪੋਰਟਾਂ ਆਉਂਦੀਆਂ ਹਨਲ, ਉਹਨਾ ਵਿੱਚ ਵਿਸ਼ੇਸ਼ ਰੂਪ ਵਿੱਚ ਦੇਖਣ ਵਿੱਚ ਆਇਆ ਹੈ ਕਿ ਗ਼ਰੀਬ ਲੋਕਾਂ ਦੀਆਂ ਮਾਲੀ ਕੁਰਬਾਨੀਆਂ ਦੀ ਜ਼ਿਕਰ ਬਹੁਤਾ ਹੁੰਦਾ ਹੈ, ਉਹਨਾ ਨੂੰ ਬਹੁਤਾ ਅਹਿਸਾਸ ਹੁੰਦਾ ਹੈ ਕਿ ਅਸੀਂ ਕੁਰਬਾਨੀ ਕਰਨੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਅਜਿਹੀਆਂ ਉਧਾਰਣਾ ਦੇਖਣ ਵਿੱਚ ਆਉਂਦੀਆਂ ਸਨ । ਇਕ ਵਾਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕੁਝ ਰਕਮ ਦੀ ਲੋੜ ਪਈ ਅਤੇ ਜੱਦ ਕਿਸੇ ਮਿਤੱਰ ਨੂੰ ਕਿਹਾ ਗਿਆ ਕਿ ਇਹ ਲੋੜ ਹੈ ਆਪਣੀ ਜਮਾਤ ਵਿੱਚ ਤਹਿਰੀਕ ਕਰਨ ਤਾਂ ਬਜਾਏ ਜਮਾਤ ਵਿੱਚ ਤਹਿਰੀਕ ਕਰਨ ਦੇ ਆਪਣੇ ਵੱਲੋਂ ਉਹਨਾ ਨੇ ਉਹ ਰਕਮ ਉਪਲਭਦ ਕਰ ਦਿੱਤੀ ਅਤੇ ਪ੍ਰਭਾਵ ਇਹ ਪਾਇਆ ਕਿ ਇਸ ਸ਼ਹਿਰ ਦੀ ਜਮਾਤ ਨੇ ਇਹ ਰਕਮ ਦਿੱਤੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਾਣਕਾਰੀ ਵਿੱਚ ਵੀ ਨਹੀਂ ਆਇਆ ਅਤੇ ਇਹ ਵਿਅਕਤੀਗੱਤ ਕੁਰਬਾਨੀ ਉਸ ਸਮੇਂ ਜ਼ਾਹਰ ਹੋਈ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸੇ ਜਮਾਤ ਦੇ ਇਕ ਹੋਰ ਵਿਅਕਤੀ ਦਾ ਧੰਨਵਾਦ ਕਰਦਿਆਂ ਹੋਇਆਂ ਫ਼ਰਮਾਇਆ

ਕਿ ਆਪਦੀ ਜਮਾਤ ਦੇ ਐਨ ਲੋੜ ਸਮੇਂ ਬਹੁਤ ਮਦਦ ਕੀਤੀ ਹੈ ਅਤੇ ਜੱਦ ਉਹਨਾ ਨੂੰ ਪਤਾ ਲਗੱਾ ਕਿ ਉਹ ਕੁਰਬਾਨੀ ਤਾਂ ਇਕ ਵਿਅਕਤੀ ਨੇ ਹੀ ਕੀਤੀ ਸੀ ਤਾਂ ਬਾਕੀ ਜਮਾਤ ਦੇ ਲੋਕ ਉਸ'ਤੇ ਨਰਾਜ਼ ਹੋਏ ਕਿ ਸਾਨੂੰ ਕਿਉਂ ਨਹੀਂ ਇਸ ਸੇਵਾ ਦਾ ਮੌਕਾ ਦਿਤੱਾ ਗਿਆ । ਇਹ ਅਦਾਇਗੀ ਕਰਨ ਵਾਲੇ ਮੁਨਸ਼ੀ ਜ਼ਫ਼ਰ ਅਹਮਦ ਸਾਹਬ ਸਨ ਜਿੰਨ੍ਹਾ ਨੇ ਉਸ ਸਮੇਂ ਆਪਣੀ ਪਤਨੀ ਦਾ ਜ਼ੇਵਰ ਵੇਚਕੇ ਇਹ ਰਕਮ ਪੂਰੀ ਕੀਤੀ ਸੀ ਨਿਸ਼ਚੇ ਹੀ ਉਹਨਾ ਦੀ ਪਤਨੀ ਵੀ ਇਸ ਕੁਰਬਾਨੀ ਵਿੱਚ ਸ਼ਮਾਲ ਸੀ । ਸੋ, ਅਜਿਹੇ ਲੋਕ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪ੍ਰਦਾਨ ਕੀਤੇ ਸਨ ਜੋ ਰੱਬ ਦੇ ਪ੍ਰੇਮ ਦੇ ਖ਼ਾਤਰ ਹਰ ਕੁਰਬਾਨੀ ਲਈ ਤਿਆਰ ਬਰ ਤਿਆਰ ਰਹਿੰਦੇ ਸਨ । ਇਹ ਉਹ ਨਮੂਨਾ ਹੈ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਨੇ ਕਾਇਮ ਕੀਤਾ ਅਤੇ ਜਿਸ ਉਪੱਰ ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੰਨ੍ਹਣ ਵਾਲੇ ਲੋਕਾਂ ਨੇ ਅਮਲ ਕੀਤਾ ਅਤੇ ਇਹ ਉਸ ਸਮੇਂ ਦੀ ਗੱਲ ਨਹੀਂ ਹੈ ਸਗੋਂ ਅੱਜ ਵੀ ਇਹ ਕੰਮ ਜਾਰੀ ਹੈ ।

ਗੈਂਬੀਆਂ ਵਿੱਚ ਇਕ ਮਿਤੱਰ ਹਨ ਅਬਦੁਰ ਰਹਮਾਨ ਸਾਹਬ ਉਹਨਾ ਨੂੰ ਆਪਣੇ ਬੱਚੇ ਦੀ ਸਕੂਲ ਦੀ ਫ਼ੀਸ ਭਰਨ ਵਿੱਚ ਬਹੁਤ ਮੁਸ਼ਕਲ ਹੋ ਰਹੀ ਸੀ, ਇਸ ਲਈ ਓਹਨਾਂ ਨੇ ਸੈਂਟਰਲ ਮੁਬਲੱਗ਼ ਸਾਹਬ ਨੂੰ ਜੱਦ ਦੱਸਿਆ ਕਿ ਬਹੁਤ ਮੁਸ਼ਕਲ ਆ ਰਹੀ ਹੈ । ਮਾਲੀ ਹਾਲਤ ਚੰਗੀ ਨਹੀਂ ਹੈ ਤਾਂ ਮੁਬਲੱਗ਼ ਸਾਹਬ ਨੇ ਉਹਨਾ ਨੂੰ ਕਿਹਾ ਕਿ ਆਪ ਮਾਲੀ ਕਰੁਬਾਨੀ ਕਰਨ, ਅਲੱਾਹ ਤਆਲਾ ਆਪ ਉਪੱਰ ਮਿਹਰ ਕਰੇਗਾ । ਉਹਨਾ ਨੇ ਦੋ ਸੌ ਪੰਜਾਹ ਡਾਲਾਸੀ ਚੰਦਾ ਵਕਫ਼ੇ ਜਦੀਦ ਵਿੱਚ ਦੇ ਦਿਤੱਾ । ਕਹਿੰਦੇ ਹਨ ਕਿ ਚੰਦਾ ਦੇਣ ਦੇ ਠੀਕ ਇਕ ਹਫ਼ਤੇ ਬਾਦ ਉਹਨਾ ਨੂੰ ਪੰਜ ਹਜ਼ਾਰ ਡਾਲਾਸੀ ਮਾਹਵਾਰ'ਤੇ ਨੌਕਰੀ ਮਿਲ ਗਈ, ਜਿਸ ਨਾਲ ਉਹ ਆਸਾਨੀ ਨਾਲ ਆਪਣੇ ਬੱਚੇ ਦੀ ਫ਼ੀਸ ਵੀ ਦੇ ਸਕਦੇ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਗ਼ਰੀਬ ਕਿਵੇਂ ਕੁਰਬਾਨੀ ਕਰਦਾ ਹੈ ਅਤੇ ਫਿਰ ਰੱਬ ਉਪੱਰ ਭਰੋਸਾ ਕਰਦਾ ਹੈ ਅਤੇ ਰੱਬ ਉਸਦਾ ਭਰੋਸਾ ਕਿਵੇਂ ਰੱਖ ਲੈਂਦਾ ਹੈ । ਗਿਨੀ ਬਸਾਓ ਦੇ ਮਿਸ਼ਨਰੀ ਸਾਹਬ ਇਕ ਘਟਨਾ ਬਿਆਨ ਕਰਦੇ ਹਨ ਕਿ ਇਕ ਮਿਤੱਰ ਮੌਟੀਰੋ ਕੁਮਾਰਾ ਸਾਹਬ ਨੂੰ ਇਹਨਾ ਦੇ ਵਕਫ਼ੇ ਜਦੀਦ ਦੇ ਵਾਦੇ ਦੀ ਅਦਾਇਗੀ ਲਈ ਧਿਆਨ ਦੁਆਇਆ ਗਿਆ ਤਾਂ ਕਹਿਣ ਲੱਗੇ ਕਿ ਮੇਰੇ ਕੋਲ ਇਸ ਸਮੇਂ ਚਾਰ ਹਜ਼ਾਰ ਫ਼੍ਰਾਂਕ ਸੇਫ਼ਾ ਹਨ ਜੋ ਮੈਂ ਅੱਜ ਦੇ ਖਾਣੇ ਲਈ ਰੱਖੇ ਹੋਏ ਸਨ । ਬਹਿਰਹਾਲ ਉਹਨਾ ਨੇ ਉਹੋ ਰਕਮ ਚੰਦੇ ਵਿੱਚ ਦੇ ਦਿੱਤੀ ਜੋ ਖਾਣੇ ਲਈ ਰੱਖੀ ਹੋਈ ਸੀ ਅਤੇ ਖਾਣਾ ਕਿਸੇ ਜੋਂ ਉਧਾਰ ਲੈ ਲਿਆ । ਕਹਿੰਦੇ ਹਨ ਕਿ ਅਗਲੇ ਦਿਨ ਹੀ ਉਹਨਾ ਦੀ ਬੇਟੀ ਸ਼ਹਿਰ ਤੋਂ ਆਈ ਜੋ ਉਹਨਾ ਲਈ ਦੋ ਬੋਰੀਆਂ ਚੌਲ ਦੀਆਂ ਅਤੇ ਇਕ ਕਨਸਤਰ (ਪੀਪਾ) ਤੇਲ ਦਾ ਅਤੇ ਕੁਝ ਪੈਸੇ ਅਤੇ ਹੋਰਨਾ ਚੀਜ਼ਾਂ ਲੈਕੇ ਆਈ ਅਤੇ ਉਹਨਾ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਕਿ ਜੋ ਪੈਸੇ ਮੈਂ ਆਪਣੇ ਖਾਣੇ ਲਈ ਰੱਖੇ ਸਨ ਰੱਬ ਨੇ ਉਸ ਵਿੱਚ ਚੰਦਾ ਦੇਣ ਦੇ ਸਬਬ ਅਜਿਹੀ ਬਰਕਤ ਪਾਈ ਹੈ ਕਿ ਅਨੇਕਾਂ ਚੀਜ਼ਾ ਮੈਂਨੂੰ ਅਗਲੇ ਹੀ ਦਿਨ ਮਿਲ ਗਈਆਂ ।

ਕਾਦੀਆਂ ਤੋਂ ਮਾਮੂਨ ਰਸ਼ੀਦ ਸਾਹਬ ਸੈਕ੍ਰੇਟਰੀ ਵਕਫ਼ੇ ਜਦੀਦ ਲਿਖੱਦੇ ਹਨ ਕਿ ਇਕ ਸਾਹਬ ਹਨ ਸੁਲੇਜਾ ਸਾਹਬ ਉਹਨਾ ਦਾ ਇਸ ਸਾਲ ਚੰਦਾ ਵਕਫ਼ੇ ਜਦੀਦ ਕੁਝ ਘਰੇਲੂ ਪ੍ਰੇਸ਼ਾਨੀਆਂ ਕਰਕੇ ਬਕਾਇਆ ਸੀ । ਉਹਨਾ ਦੇ ਭਰਾ ਨੇ ਉਹਨਾਂ ਨੂੰ ਇਸ ਵੱਲ ਧਿਆਨ ਦੁਆਇਆ ਕਿ ਹੁਣ ਸਾਲ ਦਾ ਅੰਤ ਹੈ ਇਸ ਲਈ ਛੇਤੀ ਅਦਾਇਗੀ ਕਰੋ ਪਰ ਉਹਨਾ ਦੇ ਅਕਾਉਂਟ ਵਿੱਚ ਐਨ੍ਹੀਂ ਰਕਮ ਨਹੀਂ ਸੀ ਕਿ ਪੂਰਾ ਚੰਦਾ ਦੇ ਸਕਣ ਸਗੋਂ ਕੁਲ ਰਕਮ ਦਾ ਕੇਵਲ ਤੀਹ ਪ੍ਰਤੀਸ਼ਤ ਅਕਾਉਂਟ ਵਿੱਚ ਸੀ । ਇਹ ਬਹੁਤ ਚਿੰਤਤ ਸਨ ਕਿ ਕਿਵੇਂ ਪੂਰਾ ਕੀਤਾ ਜਾਏ ।

ਅੰਤ ਜੋ ਰਕਮ ਅਕਾਉਂਟ ਵਿੱਚ ਸੀ ਉਹੋ ਹੀ ਉਹਨਾਂ ਨੇ ਚੰਦੇ ਵਿੱਚ ਦੇ ਦਿੱਤੀ । ਉਹ ਦਸੱਦੇ ਹਨ ਕਿ ਰੱਬ ਵੱਲੋਂ ਚਮਤਕਾਰੀ ਰੂਪ ਵਿੱਚ ਕੁਝ ਹੀ ਦੇਰ ਵਿੱਚ ਅਕਾਉਂਟ ਵਿੱਚ ਐਨ੍ਹੀ ਹੋਰ ਰਕਮ ਆ ਗਈ ਜਿਸ ਨਾਲ ਉਹ ਬਕਾਇਆ ਵੀ ਅਦਾ ਕਰ ਸਕਦੇ ਸਨ । ਸੋ, ਉਹਨਾਂ ਨੇ ਉਸੇ ਸਮੇਂ ਉਹ ਰਕਮ ਆਪਣੇ ਵਾਦੇ ਅਨੁਸਾਰ ਅਦਾ ਕਰ ਦਿੱਤੀ । ਕਹਿੰਦੇ ਹਨ ਕਿ ਹਮੇਸ਼ਾ ਵਾਦੇ ਸਾਲ ਦੇ ਅੰਤ ਤੋਂ ਪਹਿਲਾਂ ਦੇ ਦਿਆ ਕਰਦੇ ਸਨ ਪਰ ਇਸ ਸਾਲ ਉਹਨਾ ਦੀ ਅਤੇ ਉਹਨਾ ਦੇ ਬੱਚੇ ਦੀ ਬਿਮਾਰੀ ਕਰਕੇ ਉਹਨਾ ਦਾ ਬਕਾਇਆ ਰਹਿ ਗਿਆ ਸੀ, ਉਹ ਬਹੁਤ ਪ੍ਰੇਸ਼ਾਨ ਵੀ ਸਨ, ਪਰ ਰੱਬ ਨੇ ਚਮਤਕਾਰੀ ਰੂਪ ਵਿੱਚ ਉਹਨਾ ਦਾ ਪ੍ਰਬੰਧ ਵੀ ਕਰ ਦਿਤੱਾ ਅਤੇ ਕਹਿੰਦੇ ਹਨ ਇਹ ਮੇਰੇ ਲਈ ਇਮਾਨ ਵਿੱਚ ਮਜ਼ਬੂਤੀ ਦਾ ਸਬਬ ਬਣਿਆ ਹੈ ।

ਇੰਡੀਆ ਤੋਂ ਹੀ ਅਬਦੁਲ ਮਹਮੂਦ ਸਾਹਬ ਇੰਸਪੈਕਟਰ ਵਕਫ਼ੇ ਜਦੀਦ ਇਕ ਮਿਤੱਰ ਦੀ ਘਟਨਾ ਲਿਖੱਦੇ ਹਨ ਕਿ ਉਹਨਾ ਦੀ ਕਰਿਆਨੇ ਦੀ ਹੋਲ ਸੇਲ ਦੀ ਦੁਕਾਨ ਹੈ । ਇਹ ਸਵੇਰੇ ਦੁਕਾਨ ਖੋਲਦੇ ਹੀ ਸੌ ਰੁਪਏ ਇਕ ਸੰਦੂਕ ਵਿੱਚ ਬਕਾਇਦਗੀ ਨਾਲ ਪਾਉਂਦੇ ਸਨ, ਜਿਸ ਨਾਲ ਉਹ ਆਪਣੇ ਵਾਦਿਆਂ ਅਨੁਸਾਰ ਚੰਦਿਆਂ ਦੀ ਅਦਾਇਗੀ ਕਰ ਦਿਆ ਕਰਦੇ ਸਨ । ਕਹਿੰਦੇ ਹਨ ਇਕ ਦਿਨ ਦੁਕਾਨ ਵਿੱਚ ਖ਼ਰੀਦਾਰੀ ਲਈ ਬਹੁਤ ਘੱਟ ਲੋਕ ਆਏ । ਅਗਲੇ ਦਿਨ ਉਹਨਾਂ ਨੇ ਦੁਕਾਨ ਖੋਲਦਿਆਂ ਹੀ ਸੌ ਦੀ ਥਾਂ ਤਿੰਨ ਸੌ ਰੁਪਏ ਇਸ ਸੰਦੂਕ ਵਿੱਚ ਪਾ ਦਿੱਤੇ ਅਤੇ ਮਨ ਵਿੱਚ ਸੋਚਿਆ ਕਿਉਂ ਨ ਅੱਜ ਰੱਬ ਨਾਲ ਸੌਦਾ ਕੀਤਾ ਜਾਏ । ਰੱਬ ਦੀ ਅਜਿਹੀ ਮਿਹਰ ਹੋਈ ਕਿ ਉਸੇ ਦਿਨ ਦੁਪਹਿਰ ਦੇ ਬਾਦ ਦਸੱਦੇ ਹਨ ਕਿ ਮੇਰੇ ਕੋਲ ਅੱਠ ਖ਼ਰੀਦਾਰ ਆਏ । ਰੱਬ ਦੀ ਮਿਹਰ ਨਾਲ ਉਸ ਦਿਨ ਚੰਗੀ ਕਮਾਈ ਹੋਈ ਅਤੇ ਕਹਿੰਦੇ ਹਨ ਕਿ ਰੱਬ ਜੱਦ ਮਨੁੱਖ ਉਪੱਰ ਖ਼ੁਸ਼ ਹੁੰਦਾ ਹੈ ਤਾਂ ਐਨ੍ਹਾ ਦਿੰਦਾ ਹੈ ਕਿ ਮਨੁੱਖ ਦੋਹਾਂ ਹਥੱਾਂ ਨਾਲ ਨਹੀਂ ਸੰਭਾਲ ਸਕਦਾ ।

ਤਨਜ਼ਨੀਆਂ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਅਰੁਸ਼ਾ ਰੀਜਨ ਦੀ ਇਕ ਜਮਾਤ ਵਿੱਚ ਚੰਦੇ ਦੀ ਤਹਿਰੀਕ ਕੀਤੀ ਗਈ ਇਕ ਗ਼ਰੀਬ ਇਸਤਰੀ ਫ਼ਾਤਿਮਾ ਸਾਹਿਬਾ ਜੋ ਕੇਲੇ ਅਤੇ ਫਲ ਵੇਚਕੇ ਗ਼ੁਜ਼ਾਰਾ ਕਰਦੀ ਹਨ, ਉਹਨਾ ਨੇ ਦੋ ਦਿਨ ਦੀ ਸਾਰੀ ਆਮਦਨੀ ਵਕਫ਼ੇ ਜਦੀਦ ਵਿੱਚ ਦੇ ਦਿੱਤੀ ਅਤੇ ਆਪਣੀ ਫੈਮਲੀ ਨੂੰ ਵੀ ਬਕਾਇਦਾ ਵਕਫ਼ੇ ਜਦੀਦ ਵਿੱਚ ਸ਼ਾਮਲ ਕਰਾਇਆ । ਇਸ ਪ੍ਰਕਾਰ ਜਮਾਤ ਦੀ ਇਕ ਹੋਰ ਬਜ਼ੁਰਗ ਇਸਤਰੀ ਹਨ ਉਹਨਾ ਨੂੰ ਵੀ ਜੱਦ ਤਹਿਰੀਕ ਕੀਤੀ ਗਈ ਤਾਂ ਅਗਲੇ ਦਿਨ ਸਵੇਰੇ ਅੱਠ ਵਜੇ ਆਪ ਮਿਸ਼ਨ ਹਾਊਸ ਵਿੱਚ ਆਈ ਅਤੇ ਪੰਜ ਹਜ਼ਾਰ ਸ਼ਲਿੰਗ ਵਕਫ਼ੇ ਜਦੀਦ ਵਿੱਚ ਅਦਾ ਕੀਤੇ । ਹੁਣ ਇਹ ਉਹ ਲੋਕ ਹਨ ਜਿੰਨ੍ਹਾ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਹੈਰਾਨੀ ਹੁੰਦੀ ਹੈ ਇਹਨਾ ਲੋਕਾਂ ਨੂੰ ਦੇਖਕੇ ਕਿ ਕਿਵੇਂ ਕੁਰਬਾਨੀਆਂ ਕਰਦੇ ਹਨ ।

ਇੰਡੀਆ ਤੋਂ ਇੰਸਪੈਕਟਰ ਵਕਫ਼ੇ ਜਦੀਦ ਨੇ ਇਕ ਬੱਚੀ ਦਾ ਜ਼ਿਕਰ ਕੀਤਾ ਹੈ ਕਿ ਉਹ ਕਈ ਸਾਲ ਤੋਂ ਬਕਾਇਦਾ ਵਕਫ਼ੇ ਜਦੀਦ ਦਾ ਚੰਦਾ ਦਿੰਦੀ ਹੈ ਅਤੇ ਇਕ ਥੈਲੀ ਵਿੱਚ ਪੈਸੇ ਜਮਾ ਕਰਦੀ ਰਹਿੰਦੀ ਹੈ, ਨ ਬੋਲ ਸਕਦੀ ਹੈ, ਨ ਸੁਣ ਸਕਦੀ ਹੈ ਪਰ ਜੋ ਵੀ ਉਸਨੂੰ ਰਕਮ ਮਿਲੇ ਉਹ ਚੰਦੇ ਵਿੱਚ ਦੇ ਦਿੰਦੀ ਹੈ । ਜਦ ਦੂਜਿਆਂ ਨੂੰ ਚੰਦਾ ਦਿੰਦਿਆਂ ਹੋਇਆਂ ਦੇਖਦੀ ਹੈ ਤਾਂ ਉਸਨੂੰ ਵੀ ਸ਼ੌਕ ਪੈਦਾ ਹੋਇਆ ।

ਹੁਣ ਮੈਂ ਵਕਫ਼ੇ ਜਦੀਦ ਦੇ ਹਵਾਲੇ ਨਾਲ ਬੀਤੇ ਸਾਲ ਵਿੱਚ ਵਕਫ਼ੇ ਜਦੀਦ ਦੇ ਚੰਦੇ ਲਈ ਜੋ ਕੁਰਬਾਨੀਆਂ ਹੋਈਆਂ ਹਨ ਉਹਨਾਂ ਦੀਆਂ ਰਿਪੋਰਟਾਂ ਪੇਸ਼ ਕਰਾਂਗਾ ਅਤੇ ਨਵੇਂ ਸਾਲ ਦਾ ਐਲਾਨ ਵੀ । ਰੱਬ ਦੀ ਅਪਾਰ ਮਿਹਰ ਨਾਲ ਵਕਫ਼ੇ ਜਦੀਦ ਦਾ ਸਾਲ 31 ਦਸੰਬਰ ਨੂੰ ਖ਼ਤਮ ਹੋਇਆ ਅਤੇ ਨਵਾਂ ਬਾਹਠ ਵਾਂ (62)

ਸਾਲ ਪਹਿਲੀ ਜਨਵਰੀ ਤੋਂ ਅਰੰਭ ਹੋ ਗਿਆ ਹੈ ਇਸ ਦੌਰਾਨ ਅਹਮਦੀਆ ਮੁਸਲਿਮ ਜਮਾਤ ਨੂੰ ਵਕਫ਼ੇ ਜਦੀਦ ਵਿੱਚ ਛਿਆਨਵੇਂ ਲੱਖ ਤਰਤਾਲੀ ਹਜ਼ਾਰ ਪਾਊਂਡ ਦੀ ਆਰਥਕ ਕੁਰਬਾਨੀ ਪੇਸ਼ ਕਰਨ ਦਾ ਸੰਜੋਗ ਪ੍ਰਾਪਤ ਹੋਇਆ ਹੈ । ਬੀਤੇ ਸਾਲ ਤੋਂ ਇਹ ਰਕਮ ਪੰਜ ਲੱਖ ਪਾਊਂਡ ਅਧਿਕ ਹੈ ।

ਇਸ ਸਾਲ ਬਰਤਾਨੀਆ ਦੁਨੀਆਂ ਦੀਆਂ ਜਮਾਤਾਂ ਵਿੱਚ ਸਾਮੂਹਿਕ ਰੂਪ ਵਿੱਚ ਵਸੂਲੀ ਦੇ ਪੱਖੋਂ ਸਭ ਤੋਂ ਮੋਹਰੇ ਰਿਹਾ ਹੈ ਫਿਰ ਪਾਕਿਸਤਾਨ ਹੈ ਫਿਰ ਜਰਮਨੀ ਹੈ ਫਿਰ ਅਮਰੀਕਾ ਹੈ ਫਿਰ ਕੈਨੇਡਾ ਫਿਰ ਭਾਰਤ ਆਸਟ੍ਰੇਲੀਆ ਇੰਡੋਨੇਸ਼ੀਆ ਅਤੇ ਫਿਰ ਮਿਡਲ ਈਸਟ ਦੀਆਂ ਦੋ  ਜਮਾਤਾਂ ਹਨ ।

ਦੱਸ ਵੱਡੀਆਂ ਜਮਾਤਾਂ ਜਿਨ੍ਹਾ ਦੀ ਲੋਕਲ ਕਰੰਸੀ ਵਿੱਚ ਬੀਤੇ ਸਾਲ ਦੀ ਤੁਲਨਾ ਵਿੱਚ ਵਾਧਾ ਹੋਇਆ ਹੈ ਇਹਨਾ ਵਿੱਚ ਇੰਡੋਨੇਸ਼ੀਆ ਸਭ ਤੋਂ ਮੋਹਰੇ ਰਿਹਾ ਹੈ ਫਿਰ ਜਰਮਨੀ ਹੈ ਫਿਰ ਅਮਰੀਕਾ ਹੈ ਇਸ ਦੇ ਬਾਦ ਦੂਜੀਆਂ ਜਮਾਤਾਂ ਹਨ ਬਹਿਰਹਾਲ ਤਿੰਨ ਵੱਡੀਆਂ ਜਮਾਤਾਂ ਇਹ ਹਨ । ਭਾਰਤ ਨੇ ਵੀ ਚੰਗਾ ਵਾਧਾ ਕੀਤਾ ਹੈ ਅਤੇ ਕੈਨੇਡਾ ਬਰਤਾਨੀਆਂ ਅਤੇ ਮਿਡਲ ਈਸਟ ਦੀਆਂ ਜਮਾਤਾਂ ਅਤੇ ਪਾਕਿਸਤਾਨ ਅਤੇ ਆਸਟ੍ਰੇਲੀਆ ਦੀ ਤੁਲਨਾ ਵਿੱਚ ਭਾਰਤ ਦੀ ਸਥਾਨਕ ਕਰੰਸੀ ਵਿੱਚ ਜੋ ਕੁਰਬਾਨੀ ਦਾ ਵਾਧਾ ਹੈ ਉਹ ਇਹਨਾ ਦੇਸ਼ਾਂ ਤੋਂ ਵੱਧ ਹੈ । ਇਸ ਪੱਖੋਂ ਪੰਜਵੇਂ ਨੰਬਰ'ਤੇ ਭਾਰਤ ਹੈ ।

ਅਲੱਾਹ ਤਆਲਾ ਦੀ ਮਿਹਰ ਨਾਲ ਇਸ ਸਾਲ ਵਕਫ਼ੇ ਜਦੀਦ ਵਿੱਚ ਜੋ ਸ਼ਾਮਲ ਹੋਏ ਹਨ ਉਹਨਾ ਦੀ ਗਿਣਤੀ ਅਠਾਰ੍ਹਾਂ ਲੱਖ ਇੱਕੀ ਹਜ਼ਾਰ ਅਤੇ ਇਸ ਸਾਲ ਉਹਨਾ ਦਾ ਵਾਧਾ ਉਨਾਸੀ ਹਜ਼ਾਰ ਹੈ ।

ਭਾਰਤ ਦੇ ਸੂਬਿਆਂ ਵਿੱਚੋਂ ਕੇਰਾਲਾ ਨੰਬਰ ਇਕ'ਤੇ ਹੈ, ਜੰਮੂ ਕਸ਼ਮੀਰ ਨੰਬਰ ਦੋ'ਤੇ, ਕਰਨਾਟਕ ਨੰਬਰ ਤਿੰਨ'ਤੇ ਫਿਰ ਤਾਮਿਲਨਾਡੂ , ਫਿਰ ਤਿਲੰਗਾਨਾ, ਫਿਰ ਉਡੀਸਾ, ਫਿਰ ਪੰਜਾਬ, ਫਿਰ ਵੈਸਟ ਬੰਗਾਲ, ਫਿਰ ਦਿੱਲੀ ਤੇ ਫਿਰ ਉੱਤਰ ਪ੍ਰਦੇਸ਼ । ਵਸੂਲੀ ਦੇ ਪੱਖੋਂ ਭਾਰਤ ਦੀਆਂ ਜਮਾਤਾਂ ਇਹ ਹਨ ਪਿਥਾ ਪ੍ਰਿਮ ਨੰਬਰ ਇਕ'ਤੇ ਫਿਰ ਕਾਦੀਆਂ ਨੰਬਰ ਦੋ'ਤੇ ਫਿਰ ਹੈਦਰਾਬਾਦ ਫਿਰ ਕਾਲੀਕਟ ਫਿਰ ਬੰਗਲੌਰ, ਕੋਇਮਬਟੂਰ, ਕੋਲਕਾਤਾ, ਕੈਰੋਲਾਈ, ਕੇਰਾਨ ਪੈਂਗਾਡੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਾਕਿਸਤਾਨ ਦੇ ਆਰਥਕ ਪੱਖੋਂ ਹਾਲਾਤ ਖ਼ਰਾਬ ਹੋ ਰਹੇ ਹਨ ਇਸੇ ਕਰਕੇ ਕਰੰਸੀ ਦੀ ਵੈਲੀਊ ਕੋਈ ਨਹੀਂ ਅਤੇ ਇਸੇ ਲਈ ਪੁਜ਼ੀਸ਼ਨ ਵੀ ਇਹਨਾ ਦੀ ਪਿੱਛੇ ਚਲੀ ਗਈ । ਇਸਦੇ ਬਾਦ ਵੀ ਕੁਰਬਾਨੀ ਵਿੱਚ ਇਹ ਕਮੀ ਨਹੀਂ ਕਰਦੇ । ਇਸ ਰੀਜਨ ਵਿੱਚ ਭਾਰਤ ਪਾਕਿਸਤਾਨ ਦਾ ਤਨਾਅ ਵੱਧ ਰਿਹਾ ਹੈ । ਭਾਰਤ ਵਿੱਚ ਅੰਦਰੂਨੀ ਤੌਰ'ਤੇ ਵੀ ਖ਼ਬਰਾਂ ਅਨੁਸਾਰ ਹੁਣ ਹਾਲਾਤ ਖ਼ਰਾਬ ਹਨ । ਅਤੇ ਸਾਧਾਰਣਤਾ ਦੁਨੀਆ ਦੇ ਹਾਲਾਤ ਵੀ ਅਜਿਹਾ ਲਗਦਾ ਹੈ ਕਿ ਇਹ ਸਾਰੇ ਅਪਾਣੀ ਤਬਾਹੀ ਨੂੰ ਵਾਜਾਂ ਮਾਰ ਰਹੇ ਹਨ । ਮਿਡਲ ਈਸਟ ਦੇ ਵੀ ਹੁਣ ਹਾਲਾਤ ਖ਼ਰਾਬ ਹੋ ਰਹੇ ਹਨ । ਇਰਾਨ ਅਤੇ ਅਮਰੀਕਾ ਅਤੇ ਇਸਰਾਈਲ ਦੀ ਜੰਗ ਦਾ ਖ਼ਤਰਾ ਵੱਧ ਰਿਹਾ ਹੈ । ਮੁਸਲਮਾਨ ਦੇਸ਼ਾਂ ਵਿੱਚ ਆਪੋ ਵਿੱਚ ਏਕਤਾ ਨਹੀਂ ਹੈ । ਸੋ, ਦੁਨੀਆ ਦੇ ਤਬਾਹੀ ਤੋਂ ਬਚਣ ਅਤੇ ਰੱਬ ਵੱਲ ਆਉਣ ਲਈ ਸਾਨੂੰ ਬਹੁਤ ਦੁਆ ਕਰਨੀ ਚਾਹੀਦੀ ਹੈ । ਰੱਬ ਆਪਣੀ ਮਿਹਰ ਕਰੇ ਅਤੇ ਇਹਨਾ ਨੂੰ ਅਕਲ ਦੇਵੇ ।

ਨਵਾਂ ਸਾਲ ਅਰੰਭ ਹੋਇਆ ਹੈ, ਅਸੀਂ ਸਾਰੇ ਇਕ ਦੂਜੇ ਨੂੰ ਮੁਬਾਰਕਬਾਦ ਦੇ ਰਹੇ ਹਾਂ, ਪਰ ਹਨ੍ਹੇਰੇ ਗਹਿਰੇ ਹੁੰਦੇ ਜਾ ਰਹੇ ਹਨ । ਸੋ, ਇਸ ਸਾਲ ਦੇ ਬਰਕਤਾ ਭਰਪੂਰ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਰੱਬ ਦੀ

ਹਜ਼ੂਰੀ ਵਿੱਚ ਇਹ ਦੁਆ ਕਰੀਏ ਕਿ ਰੱਬ ਇਸ ਸਾਲ ਨੂੰ ਇਉਂ ਬਰਕਤਾਂ ਭਰਪੂਰ ਬਣਾਏ ਕਿ ਦੁਨੀਆਂ ਦੀਆਂ ਸਰਕਾਰਾਂ ਆਪਣੀਆਂ ਵੱਡਿਆਈ ਦਿਖਾਉਣ ਲਈ ਦੁਨੀਆਂ ਨੂੰ ਤਬਾਹੀ ਵੱਲ ਨ ਲੈ ਜਾਣ ਸਗੋਂ ਦੁਨੀਆ ਵਿੱਚ ਅਮਨ ਅਤੇ ਇਨਸਾਫ਼ ਸਥਾਪਨ ਕਰ ਵਾਲੀਆਂ ਹੋਣ । ਆਪਣੀਆਂ ਵਿਅਕਤੀਗੱਤ ਅਣਖਾਂ ਵਿੱਚ ਪੈਕੇ ਆਪਣੇ ਦੇਸ਼ ਦੇ ਲਾਭ ਨੂੰ ਹਾਸਲ ਕਰਨ ਲਈ ਇਨਸਾਨੀਯਤ ਨੂੰ ਤਬਾਹ ਕਰਨ'ਤੇ ਨ ਤੁੱਲ ਜਾਣ । ਰੱਬ ਇਹਨਾ ਨੂੰ ਅਕਲ ਦੇਵੇ । ਮੁਸਲਮਾਨ ਦੇਸ਼ ਹਨ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਅਤੇ ਮਸੀਹ ਮੌਊਦ ਤੇ ਮਹਦੀ ਮਾਹੂਦ ਨਾਲ ਜੁੜਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਝੰਡੇ ਨੂੰ ਦੁਨੀਆ ਵਿੱਚ ਲਹਿਰਾਉਣ ਵਿੱਚ ਸਹਾਇਕ ਬਣਨ ਅਤੇ ਤੌਹੀਦ ਨੂੰ ਦੁਨੀਆ ਵਿੱਚ ਸਥਾਪਨ ਕਰਨ ਵਾਲੇ ਹੋਣ, ਨ ਕਿ ਮਸੀਹ ਮੌਊਦ ਦੀ ਵਿਰੋਧਤਾ ਵਿੱਚ ਐਨੇ੍ਹ ਵੱਧ ਜਾਣ ਕਿ ਅਤਿ ਹੀ ਕਰ ਦਿੱਤੀ ਹੈ ਹੁਣ ਤਾਂ । ਅਲੱਾਹ ਤਆਲਾ ਸਾਨੂੰ ਵੀ ਸੰਜੋਗ ਪ੍ਰਦਾਨ ਕਰੇ ਕਿ ਅਸੀਂ ਪਹਿਲਾਂ ਤੋਂ ਵਧੱਕੇ ਵਰਤਮਾਨ ਸਮੇਂ ਦੇ ਇਮਾਮ ਨੂੰ ਮੰਨ੍ਹਣ ਦਾ ਹੱਕ ਪੂਰਾ ਕਰਨ ਵਾਲੇ ਹੋਈਏ ਅਤੇ ਇਹ ਹੱਕ ਪੂਰਾ ਕਰਦਿਆਂ ਹੋਇਆਂ ਦੁਨੀਆ ਵਿੱਚ ਤੌਹੀਦ (ਇਕ ਈਸ਼ਵਰਵਾਦ) ਦਾ ਝੰਡਾ ਲਹਿਰਾਉਣ ਵਾਲੇ ਹੋਣ ਅਤੇ ਦੁਨੀਆ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਝੰਡੇ ਹੇਠ ਲਿਆਉਣ ਵਾਲੇ ਹੋਣ ਅਤੇ ਇਸ ਕੰਮ ਲਈ ਆਪਣੀ ਸਾਰੀ ਸਮਰਥਾ, ਯੋਗਤਾ ਤੇ ਸਾਧਨਾ ਨੂੰ ਵਰਤਨ ਵਾਲੇ ਹੋਣ । ਜੇਕਰ ਅਸੀਂ ਇਹ ਸੋਚ ਨਹੀਂ ਰਖੱਦੇ ਅਤੇ ਇਸ ਸੋਚ ਨਾਲ ਦੁਆਵਾਂ ਨਹੀਂ ਕਰਦੇ ਅਤੇ ਆਪਣੀਆਂ ਦੁਆਵਾਂ ਦੇ ਨਾਲ ਨਵੇਂ ਸਾਲ ਵਿੱਚ ਦਾਖ਼ਲ ਨਹੀਂ ਹੋਏ ਤਾਂ ਸਾਡੇ ਨਵੇਂ ਸਾਲ ਦੀਆਂ ਮੁਬਾਰਕਬਾਦਾਂ ਖੋਖਲੀਆਂ ਮੁਬਾਰਕਬਾਦਾਂ ਹਨ ਜਿੰਨ੍ਹਾ ਦਾ ਕੋਈ ਲਾਭ ਨਹੀਂ ।

ਸੋ, ਨਵੇਂ ਸਾਲ ਦੀ ਹਕੀਕੀ ਮੁਬਾਰਕਬਾਦ ਜੋ ਸਾਡੇ ਉਪੱਰ ਜ਼ਿੱਮੇਦਾਰੀ ਪਾ ਰਹੀ ਹੈ ਇਸ ਦਾ ਹਰ ਅਹਮਦੀ ਵੱਡੇ ਛੋਟੇ ਪੁਰੁਸ਼ ਇਸਤਰੀ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਇਸ ਮੰਤਵ ਲਈ ਆਪਣੇ ਸਾਰੇ ਜਤਨਾ, ਸਾਧਨਾ ਤੇ ਯੋਗਤਵਾਂ ਨੂੰ ਵਰਤਨਾ ਚਾਹੀਦਾ ਹੈ ਅਤੇ ਆਪਣੀਆਂ ਦੁਆਵਾਂ ਵਿੱਚ ਰੱਬ ਨਾਲ ਸੰਬੰਧ ਵਿੱਚ ਇਕ ਵਿਸ਼ੇਸ਼ ਅਵਸਥਾ ਪੈਦਾ ਕਰਨ ਦਾ ਸਾਨੂੰ ਜਤਨ ਕਰਨਾ ਚਾਹੀਦਾ ਹੈ, ਫਿਰ ਹੀ ਅਸੀਂ ਇਸ ਸਾਲ ਦੀਆਂ ਹਕੀਕੀ ਬਰਕਤਾਂ ਹਾਸਲ ਕਰਨ ਵਾਲੇ ਹੋ ਸਕਾਂਗੇ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

★★★★★

**Khulasa Khutba Jumma 03.01.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131